# ਨੌਵੀਂ (IX) ਪਰੀਖਿਆ ਮਾਰਚ 2016 ਦਾ ਪਾਸ ਫਾਰਮੂਲਾ

ਹਰ ਪਰੀਖਿਆਰਥੀ ਨੇ ਇਹ ਪਰੀਖਿਆ ਪਾਸ ਕਰਨ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨੀਆਂ ਹਨ।

(1) ਕੁੱਲ ਵਿਸ਼ੇ 9 ਹਨ ਜੋ ਹੇਠ ਦਰਜ਼ ਗਰੁੱਪ 'ਏ' ਅਤੇ 'ਬੀ' ਅਨੁਸਾਰ ਹਨ ।

ਗਰੁੱਪ 'ਏ' : ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ, ਅੰਗਰੇਜੀ, ਹਿੰਦੀ/ਉਰਦੂ, ਗਣਿਤ, ਵਿਗਿਆਨ ਅਤੇ ਸਮਾਜਿਕ ਸਿੱਖਿਆ। ਗਰੁੱਪ "ਏ" ਦੇ ਸਾਰੇ ਵਿਸ਼ੇ ਪਾਸ ਕਰਨੇ ਜ਼ਰੂਰੀ ਹਨ ।

ਗਰੁੱਪ 'ਬੀ' : ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਕੋਈ ਇੱਕ ਚੋਣਵਾਂ ਵਿਸ਼ਾ ਹਰ ਇੱਕ ਪਰੀਖਿਆਰਥੀ ਲਈ ਪੜ੍ਹਣੇ ਅਤੇ ਇਹਨਾਂ ਦੀ ਪਰੀਖਿਆ ਦੇਣੀ ਜਰੂਰੀ ਹੈ। ਚੋਣਵੇਂ ਵਿਸ਼ੇ ਹੇਠ ਲਿਖੇ ਅਨੁਸਾਰ ਹਨ :-

ਸੰਸਕ੍ਰਿਤ, ਉਰਦੂ, ਪਰਸ਼ੀਅਨ, ਅਰਬੀ, ਕੋਰੀਅਨ, ਫਰੈਂਚ, ਜਰਮਨ, ਰਸ਼ੀਅਨ, ਸੰਗੀਤ (ਗਾਇਨ), ਸੰਗੀਤ (ਵਾਦਨ), ਸੰਗੀਤ (ਤਬਲਾ), ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ, ਗ੍ਰਹਿ ਵਿਗਿਆਨ, ਕਟਾਈ ਤੇ ਸਿਲਾਈ, ਖੇਤੀਬਾੜੀ, ਅਤੇ ਪ੍ਰੀ-ਵੋਕੇਸ਼ਨਲ ਦੇ (17) ਵਿਸ਼ੇ। (ਸਕੂਲ ਵਿੱਚ ਸਬੰਧਿਤ ਵਿਸ਼ੇ ਦੀ ਉਪਲੱਬਧਤਾ ਅਨੁਸਾਰ )

ਗਰੁੱਪ 'ਏ' ਦੇ ਹਰ ਇੱਕ ਵਿਸ਼ੇ ਵਿੱਚ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਪਰੀਖਿਆਰਥੀ ਨੂੰ ਪਾਸ ਘੋਸ਼ਿਤ ਕੀਤਾ ਜਾਵੇਗਾ। ਪ੍ਰਯੋਗੀ ਪਰੀਖਿਆ ਵਾਲੇ ਵਿਸ਼ਿਆਂ ਵਿੱਚੋਂ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਵੱਖਰੇ- ਵੱਖਰੇ ਤੌਰ ਤੇ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਵੱਖਰੇ- ਵੱਖਰੇ ਤੌਰ ਤੇ ਪਾਸ ਹੋਣ ਉਪਰੰਤ ਹੀ ਸੀ.ਸੀ.ਈ ਦੇ ਅੰਕ ਕੁੱਲ ਅੰਕਾਂ ਵਿੱਚ ਜੋੜੇ ਜਾਣਗੇ । ਗਰੁੱਪ "ਬੀ" ਦੇ ਤਿੰਨ ਵਿਸ਼ੇ ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਇੱਕ ਚੋਣਵਾਂ ਵਿਸ਼ਾ, ਹਰ ਇੱਕ ਪਰੀਖਿਆਰਥੀ ਲਈ ਪੜ੍ਹਣੇ ਅਤੇ ਇਹਨਾਂ ਵਿਸ਼ਿਆਂ ਦੀ ਪਰੀਖਿਆ ਦੇਣੀ ਜਰੂਰੀ ਹੈ।

| | | |
|---|---|---|
| (I) | 90% ਜਾਂ ਇਸ ਤੋਂ ਉੱਪਰ | ਏ+ ਗਰੇਡ(ਅਤਿ ਉੱਤਮ) |
| (II) | 75% ਅਤੇ ਇਸ ਤੋਂ ਉੱਪਰ ਪਰੰਤੂ 90% ਤੋਂ ਘੱਟ | ਏ ਗਰੇਡ (ਉੱਤਮ) |
| (III) | 60% ਅਤੇ ਇਸ ਤੋਂ ਉੱਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
| (IV) | 45% ਅਤੇ ਇਸ ਤੋਂ ਉੱਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
| (V) | 33% ਅਤੇ ਇਸ ਤੋਂ ਉੱਪਰ ਪਰੰਤੂ 45% ਤੋਂ ਘੱਟ | ਡੀ ਗਰੇਡ (ਔਸਤ) |
| (VI) | 33% ਤੋਂ ਹੇਠਾਂ | ਈ ਗਰੇਡ (ਅਸੰਤੋਸ਼ਜਨਕ) |

ਸਬੰਧਤ ਸਕੂਲ ਇਹਨਾਂ ਦੀਆਂ ਉੱਤਰ ਪੱਤਰੀਆਂ ਦਾ ਮੁੱਲਾਂਕਣ ਕਰਕੇ ਅੰਤਿਮ ਨਤੀਜਾ ਬੋਰਡ ਦਫ਼ਤਰ ਨੂੰ ਭੇਜੇਗਾ।

(2) ਇਸ ਪਰੀਖਿਆ ਲਈ ਕੁੱਲ 650 ਅੰਕ ਹੋਣਗੇ ਅਤੇ ਸਰਟੀਫਿਕੇਟ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਲਈ ਜਾਰੀ ਨਤੀਜਾ ਸਰਟੀਫਿਕੇਟ ਦੇ ਪੈਟਰਨ ਤੇ ਸਕੂਲ ਵੱਲੋਂ ਜਾਰੀ ਕੀਤੇ ਜਾਣਗੇ।

(3) ਜੋ ਉਮੀਦਵਾਰ ਪੂਰੇ ਵਿਸ਼ਿਆਂ ਵਿੱਚ ਪਹਿਲੀ ਵਾਰ ਅਪੀਅਰ ਹੁੰਦਾ ਹੈ, ਉਹਨਾਂ ਨੂੰ ਕੁੱਲ ਜੋੜ ਅੰਕਾਂ ਦਾ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 7 ਅੰਕਾਂ ਦੀ ਗਰੇਸ ਫ਼ੇਲ ਤੋਂ ਰੀ ਅਪੀਅਰ ਬਣਾਉਣ ਲਈ ਜਾਂ ਪਰੀਖਿਆ ਪਾਸ ਕਰਨ ਲਈ ਦਿੱਤੀ ਜਾਵੇਗੀ। **ਜੇਕਰ ਕਿਸੇ ਵਿਸ਼ੇ ਵਿੱਚ 00 ਅੰਕ ਹੈ ਤਾਂ ਗਰੇਸ ਅੰਕਾਂ ਦਾ ਲਾਭ ਨਹੀਂ ਦਿੱਤਾ ਜਾਵੇਗਾ** । ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 7 ਅੰਕਾਂ ਦੀ ਗਰੇਸ 45% , 50% ਅਤੇ 60% ਅੰਕ ਬਣਾਉਣ ਲਈ ਦਿੱਤੀ ਜਾਵੇਗੀ ਅਤੇ ਇਹ ਅੰਕ ਕਿਸੇ ਇੱਕ ਜਾਂ ਵੱਖ-ਵੱਖ ਵਿਸ਼ਿਆਂ ਵਿੱਚ ਨਤੀਜਾ ਪਾਸ/ਕੰਪਾਰਟਮੈਂਟ/ਡਿਵੀਜ਼ਨ ਸੁਧਾਰ ਕਰਨ ਲਈ ਪੂਰੇ ਜਾਂ ਵੰਡ ਕੇ ਵੀ ਦਿੱਤੇ ਜਾ ਸਕਦੇ ਹਨ। ਕਿਸੇ ਵਿਸ਼ੇ ਵਿੱਚ ਸਿਫਰ (0) ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਸਬੰਧਤ ਵਿਸ਼ੇ ਵਿੱਚ ਕਿਸੇ ਪ੍ਰਕਾਰ ਦੀ ਗਰੇਸ ਅੰਕ ਨਹੀਂ ਦਿੱਤੀ ਜਾਵੇਗੀ।

(4) ਜੇਕਰ ਪਰੀਖਿਆਰਥੀ ਇੱਕ ਜਾਂ ਦੋ ਵਿਸ਼ਿਆਂ ਵਿੱਚੋਂ ਫ਼ੇਲ੍ਹ ਹੈ ਤਾਂ ਉਸ ਦਾ ਨਤੀਜਾ ਰੀ-ਅਪੀਅਰ ਅਤੇ ਦੋ ਤੋਂ ਵੱਧ ਵਿਸ਼ਿਆਂ ਵਿੱਚ ਫ਼ੇਲ ਹੋਣ ਵਾਲੇ ਪਰੀਖਿਆਰਥੀਆਂ ਦਾ ਨਤੀਜਾ ਫ਼ੇਲ੍ਹ ਘੋਸ਼ਿਤ ਕੀਤਾ ਜਾਵੇਗਾ। ਜਿਹੜਾ ਪ੍ਰੀਖਿਆਰਥੀ ਅਕਾਦਮਿਕ ਸਾਲ ਦੌਰਾਨ ਲਾਜ਼ਮੀ ਜਾਂ ਦੂਸਰੇ ਚੋਣਵੇਂ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਵਿੱਚ ਫੇਲ੍ਹ ਹੈ, ਉਹ ਕੰਪਾਰਟਮੈਂਟ ਲਈ ਯੋਗ ਹੈ । ਉਸ ਨੂੰ ਕੰਪਾਰਟਮੈਂਟ ਪ੍ਰੀਖਿਆ ਪਾਸ ਕਰਨ ਲਈ 31ਮਈ ਤੱਕ ਦੋ ਮੌਕੇ ਦਿੱਤੇ ਜਾਣਗੇ। ਵਾਧੂ ਵਿਸ਼ੇ ਵਿਚ ਕੰਪਾਰਟਮੈਂਟ ਨਹੀਂ ਦਿੱਤੀ ਜਾਵੇਗੀ। ਰੀ-ਅਪੀਅਰ ਪਰੀਖਿਆ ਪਾਸ ਕਰਨ ਲਈ ਪਰੀਖਿਆਰਥੀ ਨੂੰ ਲਗਾਤਾਰ ਅਗਲੇ ਆਉਣ ਵਾਲੇ ਦੋ ਮੌਕੇ ਦਿੱਤੇ ਜਾਣਗੇ। ਦਿੱਤੇ ਮੌਕਿਆਂ ਵਿੱਚ ਰੀ-ਅਪੀਅਰ ਦੀ ਪਰੀਖਿਆ ਪਾਸ ਨਾ ਕਰਨ ਦੀ ਸੂਰਤ ਵਿੱਚ ਪਰੀਖਿਆਰਥੀ ਦਾ ਨਤੀਜਾ ਫ਼ੇਲ ਘੋਸ਼ਿਤ ਕੀਤਾ ਜਾਵੇਗਾ।

(5) ਨਤੀਜਾ ਕਾਰਡ ਤੇ ਹਰ ਇੱਕ ਵਿਸ਼ੇ ਵਿੱਚੋਂ ਪ੍ਰਾਪਤ ਕੁੱਲ ਅੰਕਾਂ ਦੇ ਨਾਲ ਉਪਰੋਕਤ ਅਨੁਸਾਰ ਗਰੇਡ ਵੀ ਦਰਸਾਏ ਜਾਣਗੇ।

(6) ਰੀ-ਅਪੀਅਰ ਕੈਟਾਗਰੀ ਅਧੀਨ ਅਪੀਅਰ ਹੋ ਰਹੇ ਪਰੀਖਿਆਰਥੀਆਂ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੀ 1% ਗਰੇਸ ਦਿੱਤੀ ਜਾਵੇਗੀ ਭਾਵੇਂ ਉਹਨਾਂ ਨੇ ਰੀ-ਅਪੀਅਰ ਗਰੇਸ ਅੰਕ ਲੈ ਕੇ ਹੀ ਪ੍ਰਾਪਤ ਕੀਤੀ ਹੋਵੇ।

(7) ਰੀ-ਅਪੀਅਰ ਪ੍ਰੀਖਿਆਰਥੀਆਂ ਦੇ ਪ੍ਰਯੋਗੀ ਪ੍ਰੀਖਿਆ ਵਿੱਚ ਪਾਸ ਹੋਣ ਤੇ ਪੁਰਾਣੇ ਅੰਕ ਹੀ ਚੁੱਕੇ ਜਾਣਗੇ। ਜੇਕਰ ਕੋਈ ਪ੍ਰੀਖਿਆਰਥੀ ਸਾਲਾਨਾ ਪ੍ਰਯੋਗੀ ਪ੍ਰੀਖਿਆ ਵਿੱਚ ਗੈਰ ਹਾਜ਼ਰ ਹੈ ਤਾਂ ਉਸ ਨੂੰ ਪ੍ਰਯੋਗੀ ਪ੍ਰੀਖਿਆ ਵੀ ਦੇਣੀ ਲਾਜ਼ਮੀ ਹੋਵੇਗੀ।

(8) ਜੇਕਰ ਪਰੀਖਿਆਰਥੀ ਸਕੂਲ ਪੱਧਰ ਤੇ ਭੇਜੀ ਗਈ ਗਰੇਡਿੰਗ ਵਾਲੇ ਕਿਸੇ ਵਿਸ਼ੇ/ਵਿਸ਼ਿਆਂ ਵਿੱਚ ਗੈਰ ਹਾਜ਼ਰ ਰਹਿੰਦਾ ਹੈ, ਤਾਂ ਉਸ ਦਾ ਨਤੀਜਾ ਰੀ-ਅਪੀਅਰ ਘੋਸ਼ਿਤ ਕੀਤਾ ਜਾਵੇਗਾ, ਉਸ ਦਾ ਨਤੀਜਾ ਤਾਂ ਹੀ ਘੋਸ਼ਿਤ ਕੀਤਾ ਜਾਵੇਗਾ, ਜੇਕਰ ਉਹ ਦਿੱਤੇ ਗਏ ਦੋ ਮੌਕਿਆਂ ਦੌਰਾਨ ਇਹਨਾਂ ਵਿਸ਼ੇ/ਵਿਸ਼ਿਆਂ ਦੀ ਪਰੀਖਿਆ ਦੇ ਕੇ ਗਰੇਡ ਪ੍ਰਾਪਤ ਕਰ ਲੈਂਦਾ ਹੈ।

(9) ਪਰੀਖਿਆਰਥੀ ਦੇ ਗਰੇਡਿੰਗ ਵਾਲੇ ਵਿਸ਼ਿਆਂ ਵਿੱਚ ਹਰ ਇੱਕ ਵਿਸ਼ੇ ਵਿੱਚ ਪ੍ਰਾਪਤ ਗਰੇਡ ਹੀ ਨਤੀਜਾ ਕਾਰਡ ਤੇ ਦਰਸਾਏ ਜਾਣਗੇ।

## ਗਿਆਰਵੀਂ ਸ਼੍ਰੇਣੀ ਦੀ ਸਲਾਨਾ ਪ੍ਰੀਖਿਆ ਮਾਰਚ-2016 ਦਾ ਪਾਸ ਫਾਰਮੂਲਾ

1. ਗਿਆਰਵੀਂ ਪ੍ਰੀਖਿਆ ਵਿੱਚ ਵਾਤਾਵਰਣ ਸਿੱਖਿਆ ਅਤੇ ਕੰਪਿਊਟਰ ਸਾਇੰਸ ਦੇ ਵਿਸ਼ਿਆਂ ਲਈ ਹੇਠ ਦਰਸਾਈ ਗਰੇਡਿੰਗ ਅਨੁਸਾਰ ਗਰੇਡ ਦਿੱਤੇ ਜਾਣਗੇ। ਗਰੇਡ ਸੂਚੀ ਸਬੰਧਿਤ ਅਧਿਆਪਕ ਵੱਲੋਂ ਸਕੂਲ ਪ੍ਰੀਖਿਆ ਇੰਚਾਰਜ ਨੂੰ ਸੌਂਪੀ ਜਾਵੇਗੀ, ਜੋ ਆਪਣਾ ਰਿਕਾਰਡ ਮੇਨਟੇਨ ਕਰਨਗੇ। ਗਰੇਡਿੰਗ ਹੇਠ ਲਿਖੇ ਅਨੁਸਾਰ ਕੀਤੀ ਜਾਵੇਗੀ:-

| ਅੰਕ | ਦਰਜਾ ਵੇਰਵਾ |
|---|---|
| 1. 90% ਜਾਂ ਇਸ ਤੋਂ ਉੱਪਰ | 'ਏ+' ਗਰੇਡ (ਅਤਿ ਉੱਤਮ) |
| 2. 75% ਅਤੇ ਇਸ ਤੋਂ ਉੱਪਰ ਪਰੰਤੂ 90% ਤੋਂ ਘੱਟ | 'ਏ' ਗਰੇਡ (ਉੱਤਮ) |
| 3. 60% ਅਤੇ ਇਸ ਤੋਂ ਉੱਪਰ ਪਰੰਤੂ 75% ਤੋਂ ਘੱਟ | 'ਬੀ' ਗਰੇਡ (ਬਹੁਤ ਅੱਛਾ) |
| 4. 45% ਅਤੇ ਇਸ ਤੋਂ ਉੱਪਰ ਪਰੰਤੂ 60% ਤੋਂ ਘੱਟ | 'ਸੀ' ਗਰੇਡ (ਅੱਛਾ) |
| 5. 33% ਅਤੇ ਇਸ ਤੋਂ ਉੱਪਰ ਪਰੰਤੂ 45% ਤੋਂ ਘੱਟ | 'ਡੀ' ਗਰੇਡ (ਔਸਤ) |
| 6. 33% ਤੋਂ ਹੇਠਾਂ | 'ਈ' ਗਰੇਡ (ਅਸੰਤੋਸ਼ਜਨਕ) |

2. ਸਕੂਲਾਂ ਵੱਲੋਂ ਵਿਦਿਆਰਥੀਆਂ ਦਾ ਗਿਆਰਵੀਂ ਸ਼੍ਰੇਣੀ ਦਾ ਅੰਤਿਮ ਨਤੀਜਾ ਆਨ ਲਾਈਨ ਰਜਿਸਟ੍ਰੇਸ਼ਨ ਪੋਰਟਲ ਤੇ 31ਮਈ ਤੱਕ ਹਰ ਹਾਲਤ ਵਿੱਚ ਅਪਲੋਡ ਕੀਤਾ ਜਾਵੇਗਾ।
3. ਗਿਆਰਵੀਂ ਸ਼੍ਰੇਣੀ ਲਈ 30% ਅੰਕ ਪ੍ਰਤੀ ਵਿਸ਼ਾ ਸੀ.ਸੀ.ਈ. ਲਈ ਨਿਰਧਾਰਿਤ ਕੀਤੇ ਗਏ ਹਨ।
4. ਸੀ.ਸੀ.ਈ. ਵਿੱਚ ਵੱਖਰੇ ਤੌਰ ਤੇ ਪਾਸ ਹੋਣਾ ਜ਼ਰੂਰੀ ਨਹੀਂ ਹੈ ਅਤੇ ਇਸ ਦੇ ਅੰਕ ਨਤੀਜਾ ਕਾਰਡ ਵਿੱਚ ਸਿਰਫ ਦਰਸਾਏ ਜਾਣਗੇ।
5. ਲਿਖਤੀ ਅਤੇ ਪ੍ਰਯੋਗੀ (ਜੇਕਰ ਹੋਵੇ) ਪ੍ਰੀਖਿਆ ਵਿੱਚ ਵੱਖਰੇ -ਵੱਖਰੇ ਤੌਰ ਤੇ ਪਾਸ ਹੋਣ ਤੇ ਹੀ ਸੀ.ਸੀ.ਈ. ਦੇ ਅੰਕ ਕੁੱਲ ਅੰਕਾਂ ਵਿੱਚ ਜੋੜੇ ਜਾਣਗੇ।
6. ਜਿਹੜਾ ਪ੍ਰੀਖਿਆਰਥੀ ਅਕਾਦਮਿਕ ਸਾਲ ਦੌਰਾਨ ਲਾਜ਼ਮੀ ਜਾਂ ਦੂਸਰੇ ਚੋਣਵੇਂ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਵਿੱਚ ਫੇਲ੍ਹ ਹੈ, ਉਹ ਕੰਪਾਰਟਮੈਂਟ ਲਈ ਯੋਗ ਹੈ । ਉਸ ਨੂੰ ਕੰਪਾਰਟਮੈਂਟ ਪ੍ਰੀਖਿਆ ਪਾਸ ਕਰਨ ਲਈ 31ਮਈ ਤੱਕ ਦੋ ਮੌਕੇ ਦਿੱਤੇ ਜਾਣਗੇ। ਵਾਧੂ ਵਿਸ਼ੇ ਵਿਚ ਕੰਪਾਰਟਮੈਂਟ ਨਹੀਂ ਦਿੱਤੀ ਜਾਵੇਗੀ।
7. ਗਿਆਰਵੀਂ ਸ਼੍ਰੇਣੀ ਵਿੱਚ ਸਾਲਾਨਾ ਪ੍ਰੀਖਿਆ ਪ੍ਰਣਾਲੀ ਅਧੀਨ ਪਾਸ ਹੋਣ ਲਈ ਹਰ ਵਿਸ਼ੇ ਵਿੱਚ ਲਿਖਤੀ ਅਤੇ ਪ੍ਰਯੋਗੀ ਵਿੱਚੋਂ ਅਲੱਗ-ਅਲੱਗ ਤੌਰ ਤੇ 33% ਅੰਕ ਲੈ ਕੇ ਅਤੇ ਕੁੱਲ ਮਿਲਾ ਕੇ ਘੱਟੋਂ ਘੱਟ 33% ਅੰਕ ਲੈ ਕੇ ਪਾਸ ਹੋਣਾ ਜ਼ਰੂਰੀ ਹੋਵੇਗਾ।
8. ਹਿਊਮੈਨਟੀਜ਼, ਸਾਇੰਸ ਅਤੇ ਖੇਤੀਬਾੜੀ ਗਰੁੱਪਾਂ ਅਧੀਨ ਪ੍ਰੀਖਿਆ ਦੇਣ ਵਾਲੇ ਉਸ ਪ੍ਰੀਖਿਆਰਥੀ ਨੂੰ ਪਾਸ ਸਮਝਿਆ ਜਾਵੇਗਾ ਜੇਕਰ ਉਹ ਦੋ ਲਾਜ਼ਮੀ ਵਿਸ਼ੇ (ਜਨਰਲ ਅੰਗਰੇਜ਼ੀ, ਜਨਰਲ ਪੰਜਾਬੀ/ ਪੰਜਾਬ ਹਿਸਟਰੀ ਅਤੇ ਕਲਚਰ), ਤਿੰਨ ਚੋਣਵੇਂ ਵਿਸ਼ਿਆਂ ਵਿੱਚੋਂ ਘੱਟੋਂ ਘੱਟ 33% ਅੰਕ ਪ੍ਰਾਪਤ ਕਰਦਾ ਹੈ ।
9. ਕਾਮਰਸ ਗਰੁੱਪ, ਟੈਕਨੀਕਲ ਗਰੁੱਪ ਅਤੇ ਵੋਕੇਸ਼ਨਲ ਸਟਰੀਮ ਦੇ ਗਰੁੱਪਾਂ ਅਧੀਨ ਪ੍ਰੀਖਿਆ ਦੇਣ ਵਾਲੇ ਉਸ ਪ੍ਰੀਖਿਆਰਥੀ ਨੂੰ ਪਾਸ ਸਮਝਿਆ ਜਾਵੇਗਾ ਜੇਕਰ ਉਹ ਦੋ ਲਾਜ਼ਮੀ ਵਿਸ਼ੇ (ਜਨਰਲ ਅੰਗਰੇਜ਼ੀ, ਜਨਰਲ ਪੰਜਾਬੀ/ ਪੰਜਾਬ ਹਿਸਟਰੀ ਅਤੇ ਕਲਚਰ) ਚਾਰ ਚੋਣਵੇਂ ਵਿਸ਼ਿਆਂ ਵਿੱਚੋਂ ਘੱਟੋਂ ਘੱਟ 33% ਅੰਕ ਪ੍ਰਾਪਤ ਕਰਦਾ ਹੈ। ਵੋਕੇਸ਼ਨਲ ਗਰੁੱਪ ਦੇ ਜਨਰਲ ਫਾਊਂਡੇਸ਼ਨ ਕੋਰਸ ਵਿਸ਼ੇ ਤੇ ਵੀ ਅਕਾਦਮਿਕ ਸਟਰੀਮ ਵਾਲੀ ਗਰੇਡਿੰਗ ਪ੍ਰਣਾਲੀ ਲਾਗੂ ਹੋਵੇਗੀ ਪਰੰਤੂ ਇਸ ਵਿਸ਼ੇ ਵਿੱਚ ਪਾਸ ਹੋਣ ਲਈ 'ਡੀ' ਗਰੇਡ ਹਾਸਲ ਕਰਨਾ ਜ਼ਰੂਰੀ ਹੋਵੇਗਾ।
10. ਕੰਪਾਰਟਮੈਂਟ ਪ੍ਰੀਖਿਆਰਥੀਆਂ ਦੇ ਪ੍ਰਯੋਗੀ ਪ੍ਰੀਖਿਆ ਵਿੱਚ ਪਾਸ ਹੋਣ ਤੇ ਪੁਰਾਣੇ ਅੰਕ ਹੀ ਚੁੱਕੇ ਜਾਣਗੇ। ਜੇਕਰ ਕੋਈ ਪ੍ਰੀਖਿਆਰਥੀ ਸਾਲਾਨਾ ਪ੍ਰਯੋਗੀ ਪ੍ਰੀਖਿਆ ਵਿੱਚ ਗੈਰ ਹਾਜ਼ਰ ਹੈ ਤਾਂ ਉਸ ਨੂੰ ਨਵੀਂ ਪ੍ਰਯੋਗੀ ਪ੍ਰੀਖਿਆ ਲਾਜ਼ਮੀ ਹੋਵੇਗੀ।

11. ਪੂਰੇ ਵਿਸ਼ਿਆਂ ਵਾਲੇ ਪ੍ਰੀਖਿਆਰਥੀ ਜੋ ਚੋਣਵੇਂ ਵਿਸ਼ਿਆਂ ਨਾਲ ਵਾਧੂ ਵਿਸ਼ੇ ਦੀ ਪ੍ਰੀਖਿਆ ਦਿੰਦੇ ਹਨ, ਉਹਨਾਂ ਦਾ ਇਹ ਵਾਧੂ ਵਿਸ਼ਾ ਕੇਵਲ ਵਾਧੂ ਵਿਸ਼ਾ ਹੀ ਮੰਨਿਆ ਜਾਵੇਗਾ । ਜੇਕਰ ਪ੍ਰੀਖਿਆਰਥੀ ਇਸ ਵਿਸ਼ੇ ਵਿਚੋਂ ਪਾਸ ਹੈ ਤਾਂ ਇਸਦੇ ਅੰਕ ਅਤੇ ਵਿਸ਼ਾ ਵੱਖਰੇ ਤੌਰ ਤੇ ਸਰਟੀਫਿਕੇਟ ਵਿਚ ਦਰਸਾਏ ਜਾਣਗੇ ।

12. ਕੰਪਾਰਟਮੈਂਟ ਕੈਟਾਗਰੀ ਅਧੀਨ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀ ਵੀ ਗਰੇਸ ਅੰਕ ਲੈਣ ਦੇ ਯੋਗ ਹਨ। ਇਹ ਗਰੇਸ ਅੰਕ ਉਸ ਵਿਸ਼ੇ ਲਈ ਕੁੱਲ ਅੰਕਾਂ ਦਾ 1% ਹੋਵੇਗਾ, ਜਿਸ ਵਿਚ ਪ੍ਰੀਖਿਆਰਥੀ ਨੇ ਪ੍ਰੀਖਿਆ ਦਿੱਤੀ ਹੈ ।

13. ਜੋ ਉਮੀਦਵਾਰ ਸਾਲਾਨਾ ਪ੍ਰੀਖਿਆ ਪ੍ਰਣਾਲੀ ਅਧੀਨ ਪੂਰੇ ਵਿਸ਼ਿਆਂ ਵਿੱਚ ਅਪੀਅਰ ਹੁੰਦਾ ਹੈ, ਉਹਨਾਂ ਦੇ ਕੁੱਲ ਜੋੜ ਅੰਕਾਂ ਦਾ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 5 ਅੰਕਾਂ ਦੀ ਗਰੇਸ ਫੇਲ੍ਹ ਤੋਂ ਕੰਪਾਰਟਮੈਂਟ ਬਣਾਉਣ ਲਈ, ਪ੍ਰੀਖਿਆ ਪਾਸ ਕਰਨ ਲਈ ਜਾਂ 45% , 50% ਅਤੇ 60% ਅੰਕ ਬਣਾਉਣ ਲਈ ਦਿੱਤੀ ਜਾਵੇਗੀ ਅਤੇ ਇਹ ਅੰਕ ਕਿਸੇ ਇੱਕ ਜਾਂ ਵੱਖ-ਵੱਖ ਵਿਸ਼ਿਆਂ ਵਿੱਚ ਨਤੀਜਾ ਪਾਸ/ਕੰਪਾਰਟਮੈਂਟ/ਡਿਵੀਜ਼ਨ ਸੁਧਾਰ ਕਰਨ ਲਈ ਪੂਰੇ ਜਾਂ ਵੰਡ ਕੇ ਵੀ ਦਿੱਤੇ ਜਾ ਸਕਦੇ ਹਨ। ਕਿਸੇ ਵਿਸ਼ੇ ਵਿੱਚ ਸਿਫਰ (0) ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਸਬੰਧਤ ਵਿਸ਼ੇ ਵਿੱਚ ਕਿਸੇ ਪ੍ਰਕਾਰ ਦੀ ਗਰੇਸ ਅੰਕ ਨਹੀਂ ਦਿੱਤੀ ਜਾਵੇਗੀ।

14. ਜੋ ਪ੍ਰੀਖਿਆਰਥੀ ਇਹ ਪ੍ਰੀਖਿਆ ਪਾਸ ਕਰਨ ਉਪਰੰਤ ਵਾਧੂ ਵਿਸ਼ੇ ਕੈਟਾਗਰੀ ਅਧੀਨ ਵਾਧੂ ਵਿਸ਼ਾ/ਵਿਸ਼ਿਆਂ ਦੀ ਪ੍ਰੀਖਿਆ ਦਿੰਦਾ ਹੈ, ਉਸ ਨੂੰ ਵੀ ਇਹ ਵਿਸ਼ਾ/ਵਿਸ਼ੇ ਪਾਸ ਕਰਨ ਲਈ ਦਿੱਤੇ ਗਏ ਵਿਸ਼ਾ/ਵਿਸ਼ਿਆਂ ਦੇ ਕੁੱਲ ਅੰਕਾਂ ਦਾ 1% ਗਰੇਸ ਅੰਕ ਦਿੱਤੇ ਜਾਣਗੇ।

15. ਸੀਨੀਅਰ ਸੈਕੰਡਰੀ ਵਿੱਚ ਹਰੇਕ ਸਟਰੀਮ ਲਈ ਕੁੱਲ ਅੰਕ 450 ਹੋਣਗੇ ਅਤੇ ਸਕੂਲ ਵੱਲੋਂ ਬੋਰਡ ਦੇ ਬਾਰ੍ਹਵੀਂ ਦੇ ਸਰਟੀਫਿਕੇਟ ਦੇ ਪੈਟਰਨ ਤੇ ਗਿਆਰਵੀਂ ਸ਼੍ਰੇਣੀ ਦੇ ਸਰਟੀਫਿਕੇਟ ਆਪਣੇ ਪੱਧਰ ਤੇ ਜਾਰੀ ਕੀਤੇ ਜਾਣਗੇ।

16. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਿਆਰਵੀਂ ਸ਼੍ਰੇਣੀ ਦੇ ਹਰ ਇਕ ਪ੍ਰੀਖਿਆਰਥੀ ਦੇ ਨਤੀਜਾ ਕਾਰਡ ਤੇ ਹਰ ਇੱਕ ਵਿਸ਼ੇ ਵਿੱਚੋ ਪ੍ਰਾਪਤ ਅੰਕਾਂ ਸਮੇਤ ਕੁੱਲ ਅੰਕਾਂ ਦੇ ਨਾਲ ਗਰੇਡਿੰਗ ਪ੍ਰਣਾਲੀ ਅਨੁਸਾਰ ਗਰੇਡ ਵੀ ਦਰਸਾਏ ਜਾਣਗੇ ਇਹ ਗਰੇਡਿੰਗ ਪ੍ਰੀਖਿਆਰਥੀ ਦੇ ਲਿਖਤੀ ਪੇਪਰ ਵਿੱਚੋਂ ਪ੍ਰਾਪਤ ਅੰਕ, ਪ੍ਰਯੋਗੀ ਪ੍ਰੀਖਿਆ (ਜਿਸ ਵਿਸ਼ੇ ਵਿੱਚ ਹੋਵੇ) ਵਿੱਚ ਪ੍ਰਾਪਤ ਅੰਕ ਅਤੇ ਨਿਰੰਤਰ ਸਰਬਪੱਖੀ ਮੁਲਾਂਕਣ (ਸੀ.ਸੀ.ਈ) ਵਿੱਚੋਂ ਪ੍ਰਾਪਤ ਅੰਕਾਂ ਨੂੰ ਜੋੜ ਕੇ ਦਿੱਤੀ ਜਾਵੇਗੀ।